## ਸ਼ੇਖ ਫ਼ਰੀਦ - ਸਬਦ ੧੦੭

### ਫਰੀਦਾ ਗਰਬੁ ਜਿਨ੍ਾ ਵਡਿਆਈਆ ਧਨਿ ਜੋਬਨਿ ਆਗਾਹ ॥

### ਸਲੋਕ, ਗੁਰੂ ਅਰਜਨ, ਗੁਰੂ ਗ੍ਰੰਥ ਸਾਹਿਬ, ੧੩੮੩

ਫਰੀਦਾ ਗਰਬੁ ਜਿਨ੍ਾ ਵਡਿਆਈਆ ਧਨਿ ਜੋਬਨਿ ਆਗਾਹ ॥
ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥੧੦੫॥

ਸਾਰ: ਹਉਮੈਂ ਸੂਖਮ ਰੂਪ ਵਿਚ ਮਨ ਨੂੰ ਉੱਚਾ ਚੁੱਕ, ਆਪੇ ਨੂੰ ਮਨੋਵਿਗਿਆਨਕ ਉਚਾਣ 'ਤੇ ਬਿਠਾ ਦਿੰਦੀ ਹੈ। ਇਸ ਉਚਾਈ ਤੋਂ ਮਨੁੱਖ ਦੁਨੀਆ ਨੂੰ ਇਕ ਗਲਤ ਨਜ਼ਰੀਏ ਨਾਲ ਦੇਖਣਾ ਸ਼ੁਰੂ ਕਰ ਦਿੰਦਾ ਹੈ, ਉਹ ਨਜ਼ਰੀਆ ਜਿਸ ਵਿਚ ਉਹ ਆਪਣੀ ਮਹੱਤਤਾ ਦਾ ਭਰਮ ਪਾਲ ਲੈਂਦਾ ਹੈ। ਪਰ ਇਹ ਉਚਾਣ ਸੱਚਾਈ ਨਾਲੋਂ ਕਲਪਨਾ ਦੇ ਪੱਧਰ ਉੱਤੇ ਸਿਰਜੀ ਹੁੰਦੀ ਹੈ। ਹਉਮੈਂ ਦੇ ਵਾਧੇ ਨਾਲ ਜੀਵਨ ਦੀਆਂ ਸਧਾਰਣ ਸੱਚਾਈਆਂ ਨਾਲੋਂ ਦੂਰੀ ਵੀ ਵੱਧਦੀ ਜਾਂਦੀ ਹੈ। ਜੋ ਵੱਡੇਪਣ ਦੀ ਤਰ੍ਹਾਂ ਮਹਿਸੂਸ ਹੁੰਦਾ ਹੈ ਅਸਲ ਵਿਚ ਉਹੀ ਸੂਖਮ ਰੂਪ ਵਿਚ ਸੱਚਾਈ ਨਾਲੋਂ ਵਿਛੋੜ ਦਿੰਦਾ ਹੈ। ਅੰਤ ਵਿਚ, ਹਉਮੈਂ ਦੀ ਉਚਾਈ ਸਚ ਨਾਲ ਪਈ ਦੂਰੀ ਨੂੰ ਦਰਸਾਉਂਦੀ ਹੈ ਨਾ ਕਿ ਵੱਡੇਪਣ ਨੂੰ।

ਫਰੀਦਾ ਗਰਬੁ ਜਿਨ੍ਾ ਵਡਿਆਈਆ ਧਨਿ ਜੋਬਨਿ ਆਗਾਹ ॥
ਹੇ ਫਰੀਦ ਜਿਹੜੇ ਆਪਣੇ ਰੁਤਬੇ, ਧਨ ਅਤੇ ਜਵਾਨੀ 'ਤੇ ਵੱਡਾ ਗਰੂਰ ਕਰਦੇ ਹਨ। ਇਹ ਭਾਵ ਵੱਡੇਪਣ ਦੀ ਉਸ ਝੂਠੀ ਧਾਰਨਾ ਵੱਲ ਇਸ਼ਾਰਾ ਕਰਦਾ ਹੈ ਜੋ ਹਉਮੈਂ ਨੂੰ ਪਾਲਦੀ ਹੈ।

ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥੧੦੫॥
ਉਹ ਧਨ ਸੰਪਦਾ ਹੋਣ ਦੇ ਬਾਵਜੂਦ ਵੀ ਅੰਤਰੀਵੀ ਤੌਰ 'ਤੇ ਖਾਲੀ ਹੀ ਰਹਿੰਦੇ ਹਨ, ਜਿਵੇਂ ਛੋਟੇ ਟਿੱਬੇ ਮੀਂਹ ਦੇ ਪਾਣੀ ਨਾਲ ਖੁਰ ਜਾਂਦੇ ਹਨ। ਇਹ ਭਾਵ ਦਰਸਾਉਂਦਾ ਹੈ ਕਿ ਗਿਆਨਵਾਨ ਹੋਣ ਦੇ ਬਾਵਜੂਦ ਵੀ, ਹੰਕਾਰ ਸੂਝ ਨੂੰ ਅੰਦਰ ਵਸਾਉਣ ਵਾਲੀ ਯੋਗਤਾ ਤੋਂ ਸਾਨੂੰ ਵਾਂਝਾ ਕਰ ਦਿੰਦਾ ਹੈ। (੧੦੫)

ਤੱਤ: ਗੁਰੂ ਅਰਜਨ, ਸ਼ੇਖ ਫ਼ਰੀਦ ਦੇ ਪੈਗ਼ਾਮ ਦੀ ਯਾਦ ਦਿਵਾਉਂਦਿਆਂ ਤਾਕੀਦ ਕਰਦੇ ਹਨ ਕਿ ਭਾਵੇਂ ਅਸੀਂ ਬਹੁਤ ਗਿਆਨ ਇਕੱਤਰ ਕਰ ਸਕਦੇ ਹੋਈਏ ਪਰ ਹੰਕਾਰ ਇਸ ਨੂੰ ਸਮਝਣ ਵਾਲੀ ਸਾਡੀ ਸੂਝ ਦੇ ਰਾਹ ਵਿਚ ਰੁਕਾਵਟ ਬਣ ਸਕਦਾ ਹੈ। ਜਿਹੜੇ ਆਪਣੇ ਰੁਤਬੇ, ਧਨ ਅਤੇ ਜਵਾਨੀ 'ਤੇ ਗਰੂਰ ਕਰਦੇ ਹਨ, ਉਹ

ਇਹ ਸਮਝ ਜਾਣਗੇ ਕਿ ਜੀਵਨ ਦੀ ਵੱਡੀ ਖੇਡ ਵਿਚ ਅਸਲ ਵਿਚ ਉਨ੍ਹਾਂ ਕੋਲ ਕਿੰਨਾ ਘੱਟ ਸੀ, ਮਿੱਟੀ ਦੇ ਉਸ ਟਿੱਬੇ ਦੀ ਤਰ੍ਹਾਂ ਜਿਹੜਾ ਮੀਂਹ ਪੈਣ ਨਾਲ ਖੁਰ ਜਾਂਦਾ ਹੈ। ਅਸਲ ਸੂਝ ਦਾ ਉਦਭਵ ਸਿਰਫ਼ ਉਸ ਵੇਲੇ ਹੁੰਦਾ ਹੈ ਜਦੋਂ ਗਿਆਨ ਦੇ ਨਾਲ ਨਿਮਰਤਾ ਨੂੰ ਵੀ ਧਾਰਨ ਕੀਤਾ ਜਾਵੇ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **[OnenessInDiversity.com]**

ਈਮੇਲ: **onenessindiversityfoundation@gmail.com**